
ਸੁਪਨਿਆਂ ਦੀ ਉਡਾਰ
ਮਨੀ ਖਹਿਰਾ
(ਕੁੱਝ ਦਰਦ)
@KJ

# **ਸੁਪਨਿਆਂ ਦੀ ਉਡਾਰ**

ਮਨੀ ਖਹਿਰਾ (ਕੁੱਝ ਦਰਦ)


ਕੇ.ਜੇ. ਸਿੰਘ

ਫ਼ੋਨ ਨੰਬਰ -- 8288888268

ਇੰਨਸਟਾਗ੍ਰਾਮ -- kjsingh_8888

Gmail. -- kjsingh268@gmail.com

ਅੱਜ ਤਾਂ ਗਿਆਰਾਂ ਵੱਜਣ ਵਾਲ਼ੇ ਹੋ ਗਏ ਸਨ। ਬਾਕੀ ਤਿੰਨ ਕਮਰਿਆਂ ਨੂੰ ਲਾਰੇ ਲਾਉਂਦੀ ਪ੍ਰੀਤ ਹਲੇ ਡਰਾਇੰਗ ਰੂਮ ਵਿਚ ਹੀ ਸਫਾਈ ਕਰ ਰਹੀ ਸੀ। ਘਰ ਵਿੱਚ ਇੱਕ ਇਹੀ ਕਮਰਾ ਸੀ, ਜਿਸ ਵਿੱਚ ਪ੍ਰੀਤ ਸਫ਼ਾਈ ਕਰਦੇ ਸਭ ਤੋਂ ਵੱਧ ਸਮਾਂ ਲਾਉਂਦੀ ਸੀ। ਇਸ ਕਮਰੇ ਨਾਲ਼ ਪ੍ਰੀਤ ਦਾ ਇਨ੍ਹਾਂ ਲਗਾਵ ਸੀ, ਜਿਦਾਂ ਦਿਲ ਦਾ ਧੜਕਣ ਨਾਲ਼ ਹੁੰਦਾ ਹੈ। ਕਮਰੇ ਵਿੱਚ ਪ੍ਰੀਤ ਦੀਆਂ ਜਾਨ ਤੋਂ ਪਿਆਰੀਆ ਕਿਤਾਬਾਂ ਪਈਆਂ ਸਨ। ਪ੍ਰੀਤ ਜਦੋਂ ਵੀ ਇਸ ਕਮਰੇ ਦੀ ਸੁਗੰਧ ਨੂੰ ਆਪਣੇ ਸਾਹਾ ਨਾਲ਼ ਮਿਲਾਉਂਦੀ ਤਾਂ ਉਹ ਕਿਤਾਬਾਂ ਦੀ ਮੁਲਾਕਾਤ ਆਪਣੇ ਦਿਲ ਨਾਲ਼ ਕਰਵਾ ਜਾਂਦੀ। ਅੱਜ ਵੀ ਪ੍ਰੀਤ ਦੇ ਹੱਥ ਵਿੱਚ ਕੋਈ ਕਿਤਾਬ ਖੇਲ ਰਹੀ ਹੈ। ਪ੍ਰੀਤ ਉਸ ਨਾਲ਼ ਹੱਸ-ਹੱਸ ਗੱਲਾਂ ਕਰ ਰਹੀ ਹੈ। ਅਚਾਨਕ ਉਸਦੇ ਹੱਥੋਂ ਏ ਕਿਤਾਬ ਡਿੱਗ ਪੈਦੀ ਹੈ। ਇਸ ਅਵਾਜ ਨੂੰ ਸੁਣਦੇ ਹੀ ਇੱਕ ਜ਼ੋਰਦਾਰ ਤਿੱਖੀ ਅਵਾਜ਼ ਪ੍ਰੀਤ ਉਤੇ ਆ ਵਰਸੀ।

ਹੁਣ ਕਿਹੜੀ ਚੀਜ਼ ਨੂੰ ਅੱਗ ਲਾ ਦਿੱਤੀ। ਤੂੰ ਇੱਕ ਦਿਨ ਸਾਰੇ ਘਰ ਨੂੰ ਫੂਕ ਦੇਣਾ। ਜੇ ਤੇਰੇ ਪਿਉ ਨੇ ਕੁੱਝ ਦਿੱਤਾ ਨੀ ਤਾਂ ਇਸ ਘਰ ਦਾ ਤੈਂ ਕੁਝ ਰਹਿਣ ਨੀ ਦੇਣਾ।

ਇਹ ਆਵਾਜ਼ ਉਸਦੀ ਸੱਸ ਦੀ ਸੀ। ਇਦਾਂ ਦਾ ਸਲੂਕ ਹੋਣਾ ਕੋਈ ਵੱਡੀ ਗੱਲ ਨਹੀਂ ਸੀ, ਹੁਣ ਏ ਆਮ ਜੀ ਗੱਲ ਹੋ ਗਈ ਸੀ। ਪਹਿਲਾ ਉਹ ਇਹ ਸਭ ਸੁਣ ਕੇ ਬਹੁਤ ਦੁਖੀ ਹੁੰਦੀ ਸੀ ਤੇ ਲੁਕ ਲੁਕ ਰੋਂਦੀ ਹੁੰਦੀ ਸੀ। ਪਰ ਹੁਣ ਪ੍ਰੀਤ ਨੂੰ ਇਸਦੀ ਆਦਤ ਹੋ ਚੁੱਕੀ ਸੀ। ਅੱਜ ਉਸਨੂੰ ਇਹ ਸਭ ਕੁਝ ਸੁਣਾਈ ਨਹੀਂ ਦੇ ਰਿਹਾ ਸੀ ਕਿਉਂਕਿ ਇਸ ਕਿਤਾਬ ਨੂੰ ਦੇਖ ਕੇ ਉਹ ਆਪਣੀਆਂ ਪੁਰਾਣੀਆਂ ਯਾਦਾ ਵਿਚ ਗੁੰਮ ਹੋਕੇ ਸੁਪਨਿਆਂ ਦੀ ਦੁਨੀਆਂ ਵਿੱਚ ਖੋ ਗਈ ਸੀ। ਇਹ ਕਿਤਾਬ ਉਸਦੀ ਐਮ.ਏ ਦੀ ਸੀ। ਪ੍ਰੀਤ ਨੇ ਇੰਗਲਿਸ਼ ਵਿਚ ਐਮ .ਏ ਕੀਤੀ ਹੋਈ ਸੀ । ਉਹ ਸੋਚ ਰਹੀ ਸੀ ਕਿਸ ਤਰ੍ਹਾਂ ਉਸ ਦੀ ਜ਼ਿੰਦਗੀ ਨੇ ਇਕ ਅਨੋਖਾ ਮੋੜ ਲਿਆ। ਕਿਵੇਂ ਅੰਬਰਾਂ ਤੇ ਚੜ੍ਹੀ ਪਤੰਗ ਇੱਕ ਹਲਕੇ ਜੇ ਬੁੱਲ੍ਹੇ ਨਾਲ਼ ਇੱਕ ਬਿਰਖ ਤੇ ਆ ਲਟਕੀ।

ਪ੍ਰੀਤ ਨੇ ਕਿਤਾਬ ਨੂੰ ਚੁੱਕ ਕੇ ਬੁੱਕਲ ਵਿੱਚ ਲੈਂਦਿਆਂ ਬੜੇ ਹੀ ਪਿਆਰ ਨਾਲ਼ ਪੂੰਝਣ ਲੱਗੀ ਤੇ ਬਿਖਰੇ ਅਰਮਾਨਾਂ ਦੀ ਦੁਨੀਆਂ ਵਿੱਚ ਕਦਮ ਧਰ ਲਿਆ।

ਹਲੇ ਪ੍ਰੀਤ ਨੇ ਬਾਰ੍ਹਵੀਂ ਜਮਾਤ ਦੀ ਪੜਾਈ ਪੂਰੀ ਹੀ ਕੀਤੀ ਸੀ। ਜਦ ਹੋਰ ਅੱਗੇ ਪੜਨਾ ਦਾ ਸੁਪਨਾ ਉਹਦੀਆਂ ਨਮ ਅੱਖਾਂ ਨੂੰ ਸਤਾਉਣ ਲੱਗਾ।

ਕੋਈ ਟੁੱਟੇ ਤਾਰਾ ਅਸਮਾਨੋਂ,

ਮੰਗਾਂ ਮੈਂ ਸੁਪਨਿਆਂ ਤੈਨੂੰ।

ਹਵਾਵਾਂ ਬਣ ਆਉਣ ਖ਼ਾਬ,

ਕੀ ਓ ਨੇ ਪਤਾ ਨਾ ਮੈਨੂੰ।

ਸੁਣਿਆ ਮੈਂ ਤੂੰ ਟੁੱਟਦਾ ਵੀ,

ਦੇਵੇ ਜ਼ਿੰਦਗੀ ਜੀਣ ਨੂੰ।

ਮੇਥੋਂ ਟੁੱਟਕੇ ਜੁੜ ਨੀ ਹੋਣਾ,

ਜੋੜ ਮੇਰੀ ਤਕਦੀਰ ਤੂੰ।

ਖ਼ਾਬ ਮੇਰੇ ਕਿਉਂ ਵੇਖਦੇ,

ਮੈਨੂੰ ਵਾਂਗ ਧੂੰਦਾ ਚ' ਨੇ।

ਅੱਖਾਂ ਵਿੱਚ ਚਮਕਦੇ ਸੁਪਨੇ,

ਵਾਂਗ ਤ੍ਰੇਲ ਦੀਆਂ ਬੂੰਦਾ ਚ' ਨੇ।

ਕਦ ਆਜ਼ਾਦ ਹੋਵਣਗੇ ਪੰਛੀ,

ਉਡੀਕਾਂ ਹਰ ਅੱਠੋ ਪਹਿਰ ਦੀਆਂ।

ਕਿਉਂ ਕੌਣ ਸੱਜਦਾ ਕਰੇ ਵੇ ਸਾਨੂੰ,

ਏ ਕੂਜਾਂ ਬੇਗਾਨੀਆਂ ਮਹਿਲ ਦੀਆਂ।

ਅੱਜ ਤੈਨੂੰ ਪਾਵਣ ਲਈ,

ਤੇਰੇ ਸੰਘ ਖੇਲਦੀਆਂ।

ਪਰ ਪ੍ਰੀਤ ਦੇ ਵੱਡੇ ਭਰਾ(ਰਿੱਕੂ) ਨੇ ਸੁਪਨੇ ਦੀ ਡੋਰ ਕੱਟ ਦਿੱਤੀ। ਰਿੱਕੂ ਨੇ ਉਸਨੂੰ ਪੜ੍ਹਾਈ ਲਈ ਇਜਾਜ਼ਤ ਨਾ ਦਿੱਤੀ। ਉਹ ਆਪਣੇ ਇਸ ਸੁਪਨੇ ਨੂੰ ਮਰਨ

ਨਹੀਂ ਦੇਣਾ ਚਾਹੁੰਦੀ ਸੀ। ਉਸਨੇ ਸੋਚਿਆ ਕੁੱਝ ਵੀ ਹੋ ਜਾਵੇ ਪਰ ਮੈਂ ਆਪਣੇ ਸੁਪਨੇ, ਚਾਅ ਨੂੰ ਖੰਭ ਲਾਵਾਂਗੀ। ਫ਼ਿਰ ਕੀ ਹੋਇਆ ਜੇ ਮੈਂ ਇੱਕ ਕੁੜੀ ਹਾਂ ਪਰ ਹੱਕ ਮੈਨੂੰ ਵੀ ਉਨਾਂ ਹੀ ਹੈ। ਇਸ ਲਈ ਉਸਨੇ ਘਰ ਰਹਿ ਕੇ ਹੀ ਪੜਾਈ ਕਰਨ ਦਾ ਸੋਚਿਆ ਤੇ ਉਸਨੇ ਘਰਦਿਆਂ ਨੂੰ ਇਸ ਲਈ ਰਾਜ਼ੀ ਕਰ ਲਿਆ। ਪ੍ਰੀਤ ਨੇ ਘਰ ਰਹਿ ਕੇ ਹੀ ਬਹੁਤ ਮੁਸ਼ਕਿਲਾਂ ਨਾਲ਼ ਲੜ੍ਹਕੇ ਆਪਣੀ ਬੇ .ਏ ਦੀ ਪੜਾਈ ਪੂਰੀ ਕੀਤੀ।

ਬੀ.ਏ ਹੋਣ ਤੋਂ ਬਾਅਦ ਉਸਨੇ ਅੱਗੇ ਬੀ ਐਡ ਕਰਨ ਦਾ ਸੋਚਿਆ ਪਰ ਆਪਣੇ ਭਰਾ ਦੇ ਸੁਭਾਅ ਤੋਂ ਜਾਣੂ ਸੀ। ਪ੍ਰੀਤ ਨੇ ਆਪਣੀ ਮਾਂ ਨਾਲ ਇਸ ਬਾਰੇ ਗੱਲ ਕੀਤੀ ਤਾ ਓਹਨਾ ਨੇ ਕੋਈ ਰਾਹ ਲੱਭਣ ਦਾ ਹੌਸਲਾ ਦਿੱਤਾ। ਉਸਦੀ ਆਪਣੇ ਸੁਪਨੇ ਨੂੰ ਪੂਰਾ ਕਰਨ ਦੀ ਉਮੀਦ ਜਾਗ ਪਈ। ਪ੍ਰੀਤ ਦੀ ਮਾਂ ਨੇ ਉਸਦੇ ਪਿਤਾ ਨੂੰ ਮਨਾਇਆ ਤੇ ਉਹਨਾਂ ਨੇ ਇਸ ਸੁਪਨੇ ਨੂੰ ਸ਼ਿਗਾਰਿਆ। ਪ੍ਰੀਤ ਜੀ ਦੇ ਪਿਤਾ ਨੇ ਫ਼ੈਸਲਾ ਕੀਤਾ ਕਿ ਰਿੱਕੂ ਨੂੰ ਬਿਨਾ ਦੱਸੇ ਹੀ ਪ੍ਰੀਤ ਦਾ ਦਾਖਲਾ ਕਰਵਾ ਦਿੱਤਾ ਜਾਵੇ ਉਸ ਤੋਂ ਬਾਅਦ ਜੋ ਹੋਵੇਗਾ ਦੇਖ ਲਿਆ ਜਾਵੇਗਾ। ਪ੍ਰੀਤ ਦਾ ਦਾਖਲਾ ਕਿਸੇ ਦੂਰ ਸ਼ਹਿਰ ਦੇ ਕਾਲਜ ਵਿਚ ਕਰਾਇਆ ਜਾਵੇ ਤਾ ਜੋ ਰਿੱਕੂ ਉਸਨੂੰ ਰੋਜ ਆਉਣ ਜਾਣ ਤੇ ਰੋਕ ਨਾ ਲਗਾ ਸਕੇ। ਪ੍ਰੀਤ ਨੇ ਕਿਸੇ ਵਧੀਆ ਕਾਲਜ ਬਾਰੇ ਪਤਾ ਕਰਿਆ।

ਜਿਸ ਵਿੱਚ ਉਸਦੀ ਇਕ ਸਹੇਲੀ ਨੇ ਦਾਖ਼ਲਾ ਲਿਆ ਸੀ। ਪ੍ਰੀਤ ਲਈ ਉਹ ਕਾਲਜ ਦੂਰ ਵੀ ਸੀ ਤੇ ਹੋਸਟਲ ਵੀ ਵਿੱਚ ਹੀ ਸੀ।

ਇੱਕ ਦਿਨ ਰਿੱਕੂ ਨੇ ਆਪਣੇ ਕਿਸੇ ਜਰੂਰੀ ਕੰਮ ਲਈ ਦੂਜੇ ਸ਼ਹਿਰ ਜਾਣਾ ਸੀ ਤੇ ਉਸਦੀ ਮਾਂ ਨੂੰ ਲੱਗਿਆ ਕੇ ਏਹੀ ਵਧੀਆ ਟਾਇਮ ਤੇ ਮੌਕਾ ਹੈ। ਉਸਨੇ ਪ੍ਰੀਤ ਨੂੰ ਕਿਹਾ ਕੇ ਉਸਦੇ ਜਾਣ ਤੋਂ ਬਾਅਦ ਉਹ ਦੋਨੇ ਉਸਦੇ ਦਾਖਲੇ ਲਈ ਜਾਣਗੀਆਂ। ਪ੍ਰੀਤ ਬਹੁਤ ਹੀ ਖੁਸ਼ ਸੀ। ਅੱਜ ਉਸਦੇ ਸੁਪਨੇ ਨੂੰ ਖੰਭ ਲੱਗ ਰਹੇ ਸੀ। ਜੋ ਸੁਪਨਾ ਪ੍ਰੀਤ ਬੁਣ ਰਹੀ ਸੀ। ਉਸਦੇ ਭਰਾ ਦੇ ਜਾਣ ਤੋਂ ਬਾਅਦ ਪ੍ਰੀਤ ਨੇ ਆਪਣੇ ਡਾਕੂਮੈਂਟ ਕੱਢੇ ਤੇ ਜਾਣ ਲਈ ਤਿਆਰ ਹੋ ਗਈ। ਥੋੜੇ ਦੇਰ ਬਾਅਦ ਉਹ ਕਾਲਜ ਪਹੁੰਚ ਗਈ ਉਹ ਬਹੁਤ ਖੁਸ਼ ਸੀ। ਅੱਜ ਆਪਣੇ ਸੁਪਨਿਆਂ ਦੀ ਉਡਾਣ ਭਰਨ ਜਾ ਰਹੀ ਸੀ। ਕਾਲਜ ਵਿੱਚ ਜਾਕੇ ਦਾਖ਼ਲਾ ਕਰਵਾ ਦਿੱਤਾ ਤੇ ਹੋਸਟਲ ਵਿਚ ਰੂਮ ਵੀ ਮਿਲ ਗਿਆ। ਉਸਦੀ ਖੁਸ਼ੀ ਦਾ ਅੱਜ ਕੋਈ ਵੀ ਟਿਕਾਣਾ ਨਹੀਂ ਸੀ , ਪ੍ਰੀਤ ਅੱਜ ਸਤਮੇ ਅਸਮਾਨ ਦੀ ਉਚਾਈ ਤੇ ਸੀ। ਉਸਨੂੰ ਹੋਰ ਕੋਈ ਵੀ ਖਬਰ ਨਹੀਂ ਸੀ, ਨਾ ਕੁੱਝ ਯਾਦ ਸੀ। ਘਰ ਜਾ ਕੇ ਅੱਜੇ ਕੀ ਹੋਵੇਗਾ।

ਅੱਜ ਸੁਪਨਿਆਂ ਨੂੰ ਲੱਗਿਆ ਏ ਬੂਰ ਜਿਹਾ ਪੈਣ,

ਇਹ ਹਵਾਵਾਂ ਵੀ ਮੈਨੂੰ ਅੱਜ ਬੜਾ ਕੁਝ ਕਹਿਣ।

ਖੁਸ਼ੀ ਨਾਲ ਨੱਚ ਦੇ ਨੇ ਮੇਰੇ ਦੋਵੇ ਪੈਰ,

ਹੁਣ ਨਾ ਟੁੱਟ ਜਾਣ ਸੱਧਰਾਂ ਰੱਬ ਕਰੇ ਖੈਰ।

ਇਹ ਹਵਾਵਾਂ ਦਾ ਸ਼ੋਰ ਮੈਨੂੰ ਗੀਤ ਗਾਉਂਦਾ ਜਾਪਦਾ,

ਮੇਰੇ ਨਾਲ ਰਲ ਇਹ ਖੁਸ਼ੀ ਆਪਣੀ ਮਨਾਂਵਦਾ।

ਮੇਰੇ ਸੁਪਨਿਆਂ ਦੀ ਉਡਾਣ ਵੱਲ ਮੈਨੂੰ ਲੈ ਜਾਵਦਾ,

ਮੈਨੂੰ ਇਹ ਲਗਦਾ ਕਿਉਂ ਏ ਜਮਾ ਮੇਰੇ ਹਾਣ ਦਾ।

ਅੱਖੀਆਂ ਦੇ ਵਿੱਚ ਨਵੇਂ ਚਾਅ ਰੁਸ਼ਨਾਵਦਾ,

ਅੱਜ ਦਾ ਇਹ ਸਫ਼ਰ ਮੇਰਾ ਬੜਾ ਮਨਭਾਵਦਾ।

ਵੱਜਣ ਕੂਕਾਂ ਵਿਹੜੇ ਚਾਵੀਂ ਸੰਘਣੇ ਸਾਹਾ ਦੀਆਂ,

ਮੈਂ ਪੁਲਾਂਘਾਂ ਭਰੀਆਂ ਮਨ ਦੇ ਨਵੇਂ ਰਾਹਾਂ ਦੀਆਂ।

ਬਾਲੀ ਰਹਾਂਗੀ ਛਾਵਾਂ ਹੋਈਆਂ ਜਿਸ ਨਿਗਾਹਾਂ ਦੀਆਂ।

ਬਾਲੀ ਰਹਾਂਗੀ ਛਾਵਾਂ ਹੋਈਆਂ ਜਿਸ ਨਿਗਾਹਾਂ ਦੀਆਂ।

ਪ੍ਰੀਤ ਤੇ ਉਸਦੀ ਮਾਂ ਇਹ ਸੋਚ ਕੇ ਘਰੋਂ ਰੁਵਾਨਾਂ ਹੋਈਆਂ ਸਨ। ਉਹ ਦੋਵੇਂ ਉਸਦੇ ਭਰਾ ਦੇ ਆਉਣ ਤੋਂ ਪਹਿਲਾ ਹੀ ਘਰ ਆ ਜਾਣਗੀਆਂ ਤੇ ਰਾਤ ਨੂੰ ਸਾਰੇ ਜਦ ਇਕੱਠੇ ਹੋਣਗੇ ਤਾਂ ਉਹ ਇਸ ਬਾਰੇ ਗੱਲ ਕਰ ਲੈਣਗੀਆ। ਪ੍ਰੀਤ ਸੋਚਦੀ ਸੀ, ਕਿ ਜਦ ਇੱਕ ਵਾਰੀ ਦਾਖ਼ਲਾ ਹੀ ਭਰਿਆ ਗਿਆ ਤਾਂ ਵੀਰ ਨੂੰ ਉਹ ਕਿਸੇ ਹਾਲਤ ਵਿੱਚ ਵੀ ਮਨਾ ਲਵੇਗੀ। ਪਰ ਵਾਰਤਾਲਾਪ ਕੁੱਝ ਹੋਰ ਹੀ ਹੋ ਚੁੱਕੀ ਸੀ। ਪਤਾ ਨਹੀਂ ਅੱਜ ਕਿਹੋ ਜਿਹਾ ਵਡਭਾਗਾ ਦਿਨ ਮੱਥੇ ਆ ਲੱਗਿਆ ਸੀ। ਤੇਜ਼ ਧੁੱਪ ਵਿੱਚ ਹੀ ਮੀਂਹ ਪੈਣ ਲੱਗ ਗਿਆ। ਓਹਨਾ ਦੇ ਘਰ ਪਹੁੰਚਣ ਤੋਂ ਪਹਿਲਾ ਹੀ ਰਿੱਕੂ ਘਰ ਪਹੁੰਚ ਚੁੱਕਿਆ ਸੀ ਤੇ ਉਸ ਨੂੰ ਸਭ ਕੁੱਝ ਪਤਾ ਵੀ ਲੱਗ ਗਿਆ ਸੀ।

ਉਸ ਦਾ ਗੁੱਸਾ ਜਵਾਲਾਮੁਖੀ ਬਣ ਬਹਾਰ ਆ ਰਿਹਾ ਸੀ। ਲਾਲ ਮੂੰਹ ਘਰ ਦੇ ਵਿਹੜੇ ਵਿੱਚ ਗੇੜੇ ਦਿੰਦਿਆ ਹੋਇਆ।

"ਇਨ੍ਹਾਂ ਨੂੰ ਕਿਸੇ ਦਾ ਡਰ ਨਹੀਂ ਆ। ਜਦ ਕਿਹਾ ਸੀ ਨਹੀਂ ਕਰਨੀ ਇਹ ਪੜਾਈ ਪੁੜ੍ਹਾਈ। ਤਾਂ ਕਿਉਂ ਗਈਆਂ। ਹੁਣ ਮੇਥੋਂ ਚੋਰੀਓ ਪੜ੍ਹਾਈਆ ਕਰੂ। ਇਹਨਾਂ ਦੇ ਇੱਕ ਵਾਰ ਗੱਲ ਖਾਨੇ ਕਿਉਂ ਨਹੀਂ ਪੈਂਦੀ। ਅੱਜ ਆ ਲੈਣ ਦੇ ਮੈਂ ਸਾਰਾ ਫਾਹਾ ਹੀ ਵੱਡ ਦੇਣਾ। ਪੜ੍ਹ ਕੇ ਤਾਂ ਇਹਨੇ ਜਿਵੇ ਡੀ.ਸੀ ਲੱਗ ਜਾਣਾ।"

ਉੱਧਰ ਪ੍ਰੀਤ ਇਸ ਗੱਲ ਤੋਂ ਬਿਲਕੁਲ ਅਣਜਾਣ ਬੱਸ ਦੇ ਸਫ਼ਰ ਵਿਚ ਆਪਣੇ ਸੁਪਨਿਆਂ ਦੀਆ ਉਡਾਰਾਂ ਭਰਦੀ ਆ ਰਹੀ ਸੀ। ਉਸ ਨੂੰ ਬਿਲਕੁਲ ਨਹੀਂ ਪਤਾ ਸੀ ਕਿ ਘਰ ਪਹੁੰਚਣ ਤੇ ਕਿਸ ਤੂਫ਼ਾਨ ਦਾ ਸਾਹਮਣਾ ਕਰਨਾ ਪੈਣਾ।

ਪ੍ਰੀਤ ਅਜੇ ਰਸਤੇ ਵਿਚ ਹੀ ਸੀ, ਕਿ ਰਿੱਕੂ ਨੇ ਫ਼ੋਨ ਅਸਮਾਨੀ ਬਿਜਲੀ ਵਾਂਗ ਜਾ ਖੜਕਾਇਆ। ਤੁਸੀ ਕਿੱਥੇ ਹੋ ਉਸਨੇ ਆਪਣੀ ਮਾਂ ਨੂੰ ਪੁੱਛਿਆ, ਮੈਨੂੰ ਸਭ ਪਤਾ ਚਲ ਗਿਆ। ਇਹ ਸੁਣਦਿਆਂ ਹੀ ਉਸਦੀ ਮਾਂ ਘਬਰਾ ਗਈ। ਫ਼ੋਨ ਨੂੰ ਦਬਾਦਬ ਫ਼ੋਨ ਬੰਦ ਕਰ ਦਿੱਤਾ।ਪ੍ਰੀਤ ਨੇ ਮਾਂ ਦੇ ਚੇਹਰੇ ਦਾ ਉਡਿਆ ਹੋਇਆ ਰੰਗ ਦੇਖ ਕੇ ਪੁੱਛਿਆ। ਕੀ ਗੱਲ ਹੋਗੀ ਮਾਂ। ਹਲਕੀ ਜੀ ਆਵਾਜ਼ ਵਿੱਚ ਮਾਂ ਮੂੰਹ ਤੇ ਚੁੰਨੀ

ਲੈਂਦੀ ਹੋਈ ਬੋਲੀ। ਤੇਰੇ ਭਰਾ ਦਾ ਫ਼ੋਨ ਸੀ। ਇਹ ਗੱਲ ਸੁਣਕੇ ਪ੍ਰੀਤ ਦੇ ਸਾਰੇ ਚਾਅ ਜਿਵੇ ਸਹਿਮ ਗਏ ਹੋਣ।

ਉਹ ਇਕ ਦਮ ਘਬਰਾ ਗਈ। ਪ੍ਰੀਤ ਦੇ ਫ਼ਿਕਰਾਂ ਨੇ ਖਿੱਚਕੇ ਚਪੇੜ ਮਾਰੀ। ਪ੍ਰੀਤ ਦਾ ਮੂੰਹ ਸੁੱਕਣ ਲੱਗਾ। ਸਾਹ ਵੀ ਜਿਵੇਂ ਪੁੱਛਕੇ ਜੇ ਆ ਰਿਹਾ ਹੋਵੇ। ਪ੍ਰੀਤ ਕੰਬਦੀ ਆਵਾਜ਼ ਵਿੱਚ ਮਾਂ ਨੂੰ ਬੋਲੀ ਮਾਂ ਤੁਸੀਂ ਇਸ ਸਾਈਡ ਆ ਜਾਉ। ਮੈਂ ਸ਼ੀਸੇ ਕੋਲ਼ ਬੈਠਣਾ। ਪ੍ਰੀਤ ਨੂੰ ਅਜ਼ੀਬ ਜੀ ਘਬਰਾਹਟ ਉੱਠੀ। ਪ੍ਰੀਤ ਨੇ ਆਪਣਾ ਸਿਰ ਸ਼ੀਸੇ ਨਾਲ਼ ਲਾ ਲਿਆ ਤੇ ਹਰੇ ਭਰੇ ਭੱਜਦੇ ਦਰੱਖਤਾਂ ਨੂੰ ਵੇਖਦੀ ਹੋਈ ਸੋਚਾਂ ਨੂੰ ਬੇਕਾਬੂ ਕਰ ਦਿੱਤਾ।

ਪਤਾ ਨਹੀਂ ਅੱਜ ਕੀ ਹੋਵੇਗਾ ਮੇਰੇ ਸੁਪਨੇ ਫਿਰ ਤੋਂ ਦਮ ਤਾਂ ਨਹੀਂ ਤੋੜ ਦੇਣਗੇ। ਜੇ ਮੈਨੂੰ ਕੁੱਟਿਆ ਜ਼ਾ ਮਾਂ ਨਾਲ਼ ਲੜ੍ਹ ਪਿਆ। ਹਾਏ ਬਾਪੂ ਵੀ ਘਰ ਇਕੱਲਾ ਹੀ ਸੀ, ਉਸ ਨਾਲ਼ ਪਤਾ ਨਹੀਂ ਕੀ ਕੀਤਾ ਹੋਵੇਗਾ। ਮੇਰੇ ਕਰਕੇ ਇਨ੍ਹਾਂ ਨੂੰ ਵੀ ਭਾਰ ਝੱਲਣਾ ਪਉ। ਮੈਂ ਐਵੇਂ ਹੀ ਦਾਖ਼ਲਾ ਕਰਵਾਇਆ। ਮੇਰੇ ਇੱਕ ਸੁਪਨੇ ਦਾ ਹੀ ਕਤਲ ਹੁੰਦਾ। ਹੁਣ ਪਤਾ ਹੀ ਨਹੀਂ ਕਿਸ-ਕਿਸ ਦੇ ਅਰਮਾਨਾਂ ਦਾ ਕਤਲ ਹੋਵੇਗਾ। ਅਜੀਬ ਜੇ ਖਿਆਲ ਉਸਦੇ ਮਨ ਵਿਚ ਆ ਰਹੇ ਸਨ। ਉਸਨੇ ਉਦਾਸ ਜਾ

ਰੋਣ ਸੂਰਤੇ ਮੂੰਹ ਨਾਲ਼ ਆਪਣੀ ਮਾਂ ਨੂੰ ਕਿਹਾ। ਮਾਂ ਹੁਣ ਕੀ ਹੋਵੇਗਾ। ਮੈਨੂੰ ਬਹੁਤ ਡਰ ਲੱਗ ਰਿਹਾ ਏ। ਮਾਂ ਨੇ ਉਸਨੂੰ ਹੌਸਲਾ ਦਿੰਦੇ ਹੋਏ ਕਿਹਾ ਪੁੱਤ ਕੁਝ ਨਹੀਂ ਹੁੰਦਾ। ਮੈਂ ਤੇਰੇ ਨਾਲ਼ ਹਾਂ, ਤੂੰ ਐਵੇਂ ਕਹਿ ਦੀ ਮੈਨੂੰ ਮਾਂ ਦਾਖ਼ਲੇ ਲਈ ਮੱਲੋ ਜ਼ੋਰੀ ਲੈ ਗਈ ਸੀ। ਨਹੀਂ ਮਾਂ ਮੈਂ ਇਹ ਜ਼ੁਲਮ ਨਹੀਂ ਕਰ ਸਕਦੀ। ਪੜ੍ਹਨ ਬਾਰੇ ਸੋਚਕੇ ਇਹ ਗ਼ਲਤੀ ਵੀ ਮੈਂ ਹੀ ਕੀਤੀ ਹੈ ਤੇ ਸਜ਼ਾ ਵੀ ਮੈਨੂੰ ਹੀ ਮਿਲਣੀ ਚਾਹੀਦੀ ਹੈ। ਪ੍ਰੀਤ ਆਪਣੇ ਭਰਾ ਦੇ ਸੁਭਾਅ ਦਾ ਕਹਿਰ ਜਾਣਦੀ ਸੀ। ਉਸਦਾ ਡਰ ਵਧਦਾ ਗਿਆ, ਬਸ ਹੁਣ ਤਾਂ ਪ੍ਰੀਤ ਦੇ ਦਿਮਾਗ਼ ਵਿੱਚ ਇੱਕੋ ਹੀ ਗੱਲ ਘੁੰਮ ਰਹੀ ਸੀ।

ਕੀ ਮੇਰੇ ਸੁਪਨੇ ਉਡਾਰੀ ਭਰਨ ਤੋਂ,

ਹੁਣ ਪਹਿਲਾ ਹੀ

ਧਰਾਤਲ ਦੇ ਹੋ ਜਾਣਗੇ।

ਉਹ ਸੁਪਨਿਆਂ ਦੀ ਮੰਜਿਲ ਨੂੰ,

ਇਹ ਬੰਦਿਸ਼ਾ ਦੇ

ਦੌਰ ਪਲਾਂ ਵਿੱਚ ਖਾ ਜਾਣਗੇ।

ਕੀ ਮੈਂ ਆਪਣੇ ਸੁਪਨਿਆਂ ਨੂੰ,

ਪੂਰਾ ਕਰਨ ਲਈ

ਖੜ੍ਹ ਵੀ ਨਹੀਂ ਸਕਦੀ।

ਮੈਂ ਕਿਉਂ ਏਨੀ ਮਜਬੂਰ ਹਾਂ,

ਖੁਦ ਦੇ ਹੱਕ ਲਈ

ਲੜ ਵੀ ਨਹੀਂ ਸਕਦੀ।

ਇੱਕ ਚਾਅ ਹੀ ਮੰਗਿਆ,

ਉਸਦੀ ਕਾਲੀ ਸਜ਼ਾ

ਉਮਰ ਭਰ ਦੀ ਨਹੀਂ ਹੋ ਸਕਦੀ।

ਇੱਕ ਨੇਕ ਖਿਆਲਤ ਕੁੜੀ,

ਅੱਖੀਆਂ ਵਿੱਚ ਲੈਕੇ

ਰਾਹ ਨਹੀਂ ਸੋ ਸਕਦੀ।

ਮੈਂ ਇੱਕ ਇਨਸਾਨ ਹਾਂ,

ਜਜ਼ਬਾਤਾਂ ਦੀ ਸੁਨਾਮੀ,

ਮੇਰੇ ਵੀ ਅੰਦਰ ਹੈ।

ਮੈਂ ਕੌਣ ਕਿਵੇਂ ਕੀ ਹਾਂ,

ਮੇਰੀ ਜ਼ਿੰਦਗੀ ਦਾ ਕਿਉਂ

ਕੋਈ ਹੋਰ ਕਲੰਡਰ ਹੈ।

ਪ੍ਰੀਤ ਦਾ ਇਹ ਸਫ਼ਰ ਹੁਣ ਬਹੁਤ ਔਖਾ ਨਿਕਲ ਰਿਹਾ ਸੀ। ਉਹ ਹਜ਼ਾਰਾਂ ਹੀ ਉਲੰਝਣਾ ਵਿਚ ਫਸੀ ਹੋਈ ਮਹਿਸੂਸ ਕਰ ਰਹੀ ਸੀ। ਜਿਵੇਂ-ਜਿਵੇਂ ਘਰ ਨੇੜੇ ਆ ਰਿਹਾ ਸੀ, ਉਸਦਾ ਡਰ ਹੋਰ ਵਧਦਾ ਜਾ ਰਿਹਾ ਸੀ।

ਪ੍ਰੀਤ ਗਹਿਰੀਆਂ ਸੋਚਾ ਵਿੱਚ ਗੁਮ ਗਈ। ਉਹ ਸੋਚ ਰਹੀ ਸੀ। ਕੀ ਕੁੜੀਆਂ ਦੀ ਇਹੋ ਜਿੰਦਗੀ ਹੁੰਦੀ ਹੈ। ਕਿਉਂ ਵੀਰੇ ਨੂੰ ਕੋਈ ਬੰਦਿਸ਼ ਨਹੀਂ। ਮੁੰਡੇ ਜੋ ਮਨ ਆਵੇ ਉਹੀ ਕਰ ਸਕਦੇ ਹਨ। ਆਪ ਵੀਰ ਆਪਣੀ ਹਰ ਖੁਆਇਸ, ਸੌਂਕ ਅੜ੍ਹਕੇ ਪੂਰਾ ਕਰਦਾ ਹੈ, ਉਹ ਫਿਰ ਚਾਹੇ ਮਹਿੰਗਾ, ਸਸਤਾ ਹੋਵੇ, ਜ਼ਾ ਠੀਕ, ਗਲਤ ਹੋਵੇ। ਕੁੜੀਆਂ ਨਾਲ਼ ਹੀ ਇਦਾਂ ਕਿਉਂ ਹੁੰਦਾ ਹੈ। ਕੀ ਇੱਕ ਕੁੜੀ, ਸੁਪਨੇ ਵੇਖਣ ਜ਼ਾ ਸੁਪਨੇ ਸਜਾਉਣ ਦਾ ਕੋਈ ਹੱਕ ਨਹੀਂ ਰੱਖ ਸਕਦੀ। ਉਹ ਕੋਈ ਵੀ ਸੌਂਕ, ਚਾਅ ਪੂਰਾ ਨਹੀਂ ਕਰ ਸਕਦੀ। ਕਿਉਂ ਕੁੜੀ ਨੂੰ ਆਪਣੇ ਹੀ ਘਰ ਵਿੱਚ ਕੈਦੀ ਬਣਕੇ ਰਹਿਣਾ ਪੈਦਾ ਹੈ। ਅਸੀਂ ਇਹੋ ਜਿਹਾ ਕੀ ਪਾਪ ਜਾਂ ਗੁਨਾਹ ਕਰਦੀਆਂ ਹਾਂ। ਜੋ ਸਾਨੂੰ ਆਪਣੇ ਹੱਕਾਂ ਤੋਂ ਕੋਹਾਂ ਦੂਰ ਇੱਕ ਮੁਜ਼ਰਿਮ ਬਣਾਕੇ ਰੱਖਿਆ ਜਾਂਦਾ ਹੈ।

ਆਪ ਵੀਰ ਬਿਨਾਂ ਕਿਸੇ ਤੋਂ ਆਗਿਆ ਲਏ, ਮਨ ਮਰਜੀਆਂ ਕਰਦਾ ਆ ਰਿਹਾ ਹੈ। ਫਿਰ ਮੇਰੇ ਸੁਪਨਿਆਂ ਤੇ ਉਹ ਕਿਉਂ ਬੰਦਿਸ਼ਾਂ ਲਗਾਉਂਦੇ ਹਨ। ਕੀ ਕੁੜੀ ਹੋਣਾ ਐਨਾ ਹੀ ਵੱਡਾ ਗੁਨਾਹ ਜਾਂ ਜ਼ੁਲਮ ਹੈ। ਮੈਂ ਕੋਈ ਬਹੁਤੀ ਵੱਡੀ ਫਰਮਾਇਸ਼ ਤਾਂ ਨਹੀਂ ਕੀਤੀ ਸੀ। ਫਿਰ ਮੇਰੇ ਸੁਪਨੇ ਕਿਉਂ ਮਹਿੰਗੇ ਲੱਗਦੇ ਹਨ।

ਪ੍ਰੀਤ ਆਪਣੇ ਮਾਂ ਦੇ ਥੱਕੇ, ਡਰੇ ਚਿਹਰੇ ਵੱਲ ਦੇਖਦੇ ਹੋਏ ਸੋਚਦੀ ਹੈ। ਕੀ ਮਾਂ ਨੇ ਵੀ ਆਪਣੇ ਚਾਅ ,ਸੁਪਨੇ ,ਰੀਝਾ ਦਿਲ ਅੰਦਰ ਹੀ ਮਾਰੇ ਹੋਣਗੇ। ਮਾਂ ਵੀ ਇੱਕ ਖ਼ੁਦ ਦੀ ਅਰਮਾਨੀ ਕਤਲ ਹੋਵੇਗੀ। ਮਾਂ ਦੇ ਵੀ ਕੁੱਝ ਸੁਪਨੇ ਹੋਣਗੇ ਪਰ ਮਾਂ ਨੇ ਕਦੇ ਵੀ ਸਾਡੇ ਸਾਹਮਣੇ ਜ਼ਿਕਰ ਨਹੀਂ ਕੀਤਾ। ਨਾ ਕਦੇ ਇਹ ਓ ਸਕਦਾ ਕਿ ਕਿਸੇ ਵੀ ਇਨਸਾਨ ਦੇ ਸੁਪਨੇ, ਸੌਂਕ, ਚਾਅ ਨਾ ਹੋਣ। ਹਾਂ ਮਾਂ ਕਦੇ ਵੀ ਖੁਦ ਲਈ ਨਹੀਂ ਜਿਉਦੀ ਸਾਰਾ ਸਮਾਂ ਤਾਂ ਉਹ ਸਾਡੇ ਲਈ ਸੋਚਦੀ ਰਹਿੰਦੀ ਹੈ। ਮਾਂ ਨੇ ਵੀ ਹਜ਼ਾਰਾਂ ਚਾਅ ਮਨ ਅੰਦਰ ਦੱਬੇ ਹੋਣਗੇ। ਉਹ ਮਾਂ ਨੂੰ ਪੁੱਛਣ ਹੀ ਲੱਗੀ ਸੀ, ਕਿ ਬਸ ਕੰਡਕਟਰ ਨੇ ਵਿਸਲ ਮਾਰੀ ਤੇ ਪ੍ਰੀਤ ਦੇ  ਪਿੰਡ ਦਾ ਨਾਮ ਲਿਆ। ਬਸ ਦੇ ਬਰੇਕ ਲੱਗੇ ਤੇ ਪ੍ਰੀਤ ਡਰ ਗਈ। ਸੋਚਾ ਵਿੱਚ ਗੁਮ ਹੋਈ ਨੂੰ ਪਤਾ ਨਹੀਂ ਲੱਗਿਆ ਕਦ ਸਫਰ ਖਤਮ ਹੋ ਗਿਆ। ਪ੍ਰੀਤ ਨੂੰ ਲੱਗ ਰਿਹਾ ਸੀ, ਕਿ ਉਹ ਬਸ ਵਿੱਚ ਹੀ ਬੈਠੀ ਰਹੇ ਤੇ ਕਿਤੇ ਹੋਰ ਚਲੀ ਜਾਵੇ। ਪ੍ਰੀਤ ਆਪਣੇ ਮਨ ਨੂੰ ਨਾ-ਨਾ ਕਰਦੀ ਹੋਈ ਨੂੰ ਆਖ਼ਰ ਬਸ ਦਾ ਸਾਥ ਛੱਡਣਾ ਹੀ ਪਿਆ।

ਘਰ ਵੱਲ ਨੂੰ ਜਾਂਦੇ ਹੋਏ ਉਸਦੇ ਪੈਰ ਅੱਗੇ ਜਾਣ ਦੀ ਹਿੰਮਤ ਨਹੀਂ ਕਰ ਰਹੇ ਸਨ। ਉਹ ਪਿੱਛੇ ਮੁੜ-ਮੁੜ ਕੇ ਵੇਖ ਰਹੀ ਸੀ। ਪ੍ਰੀਤ ਕਦੇ ਆਪਣੀ ਮਾਂ ਦੇ

ਪਿੱਛੋਂ ਦੀ ਖੱਬੇ ਪਾਸੇ ਹੋ ਜਾਇਆ ਕਰੇ, ਕਦੇ ਅਗੋਂ ਦੀ ਸੱਜੇ ਪਾਸੇ ਹੋ ਜਾਇਆ ਕਰੇ।

ਮਾਂ ਵੀ ਪੁੱਛਦੀ ਹੈ ਪੁੱਤ ਕੀ ਹੋਇਆ, ਐਵੇਂ ਕਿਉਂ ਕਰੀ ਜਾਨੀਆ।

ਮਾਂ ਮੈਨੂੰ ਬਹੁਤ ਡਰ ਲੱਗੀ ਜਾਂਦਾ।

ਪੁੱਤ ਤੈਨੂੰ ਮਾਰਨ ਤਾਂ ਲੱਗਿਆ ਨਹੀਂ , ਆਪੇ ਰੌਲ਼ਾ ਪਾਕੇ ਟਿਕਜੁ। ਤੂੰ ਅੰਦਰ ਚਲੀ ਜਾਈ।

ਮੈਂ ਤੈਨੂੰ ਪਤਾ ਉਸਦਾ ਉਨ੍ਹੇ ਤਾਂ ਕੁੱਝ ਵੇਖਣਾ ਵੀ ਨਹੀਂ।

ਮਾਂ ਪ੍ਰੀਤ ਦੇ ਸਿਰ ਤੇ ਹੱਥ ਰੱਖਦੀ ਹੈ। ਪ੍ਰੀਤ ਆਪਣੇ ਕੰਬਦੇ ਖੱਬੇ ਹੱਥ ਨਾਲ਼ ਮਾਂ ਦਾ ਸਿਰ ਤੇ ਰੱਖਿਆ ਹੱਥ ਫੜ੍ਹਦੀ ਹੈ। ਸੜਕ ਤੋਂ ਵੱਡੀ ਗਲ਼ੀ ਵਿੱਚ ਇੱਕ ਛੋਟੀ ਗਲੀ ਦੇ ਮਸ਼ਹੂਰ ਮੋੜ ਦੇ ਸੱਜੇ ਪਾਸੇ ਹੀ ਛੇ ਕੁ ਕਰਮਾਂ ਤੇ ਪ੍ਰੀਤ ਦਾ ਘਰ ਸੀ। ਮੋੜ ਕੋਲ਼ ਆਕੇ ਪ੍ਰੀਤ ਬੋਲੀ ਮਾਂ ਜੇ ਮੈਂ ਮਾਸੀ ਕੇ ਘਰ ਚਲੀ ਜਾਵਾ, ਤੂੰ ਕਹਿ ਦੇਵੀ

ਵੀ ਉਹ ਤਾਂ ਨਾਨਕੇ ਘਰ ਰਹਿ ਗਈ ਹੈ। ਉਸੇ ਪਿੰਡ ਹੀ ਪ੍ਰੀਤ ਦੀ ਸਕੀ ਮਾਸੀ ਸੀ, ਆਉਣਾ ਜਾਣਾ ਵੀ ਬਹੁਤ ਸੀ। ਕਈ ਵਾਰ ਪ੍ਰੀਤ ਤੇ ਰਿੱਕੂ ਮਾਸੀ ਦੇ ਘਰ ਪਏ ਸਨ। ਮਾਂ ਪ੍ਰੀਤ ਨੂੰ ਦਿਲਾਸਾ ਦਿੰਦੀ ਹੈ।

ਪੁੱਤ ਉਹ ਫ਼ਿਰ ਵੱਧ ਭੜਕੂ, ਤੂੰ ਚੁੱਪ ਕਰਕੇ ਮੇਰੇ ਨਾਲ਼ ਆਜਾ।

ਮਾਂ ਨੇ ਗੇਟ ਖੋਲ੍ਹਿਆ ਤਾਂ ਪ੍ਰੀਤ ਮਾਂ ਦੇ ਪਿੱਛੇ ਹੋ ਗਈ। ਆਪਣੇ ਆਪ ਨੂੰ ਬਚਾਉਣ ਲਈ ਮਾਂ ਓਹਲੇ ਲੁੱਕ ਕੇ ਘਰ ਅੰਦਰ ਆ ਗਈ।ਵਿਹੜੇ ਵਿੱਚ ਭਾਂਡੇ ਖਿਲਰੇ ਪਏ ਸੀ, ਹੋਰ ਕਾਫ਼ੀ ਸਮਾਨ ਜਿਵੇਂ ਕੋਈ ਸੱਚੀ ਹੀ ਭੂਚਾਲ ਆਕੇ ਹੱਟਿਆ ਹੋਵੇ। ਪ੍ਰੀਤ ਦਾ ਬਾਪੂ ਨਲਕੇ ਤੇ ਮੂੰਹ ਧੋਈ ਜਾਂਦਾ ਸੀ। ਪ੍ਰੀਤ ਹੋਰਾਂ ਨੂੰ ਵੇਖ ਬਾਪੂ ਸਿਰ ਮਾਰਨ ਲੱਗਾ। ਪ੍ਰੀਤ ਹੋਰ ਵੀ ਡਰ ਗਈ। ਰਿੱਕੂ ਵੀ ਕਮਰੇ ਵਿਚੋਂ ਅੱਗ ਦੀ ਲਾਟ ਵਾਂਗੂ ਪ੍ਰੀਤ ਵੱਲ ਭੱਜਿਆ ਤੇ ਕਿਹਾ ਆਗੀ ਤੂੰ। ਸ਼ਾਇਦ ਰਿੱਕੂ ਦੇ ਹੱਥ ਵਿੱਚ ਕੋਈ ਚੀਜ਼ ਸੀ।

ਧੰਨਵਾਦ ਜੀ।

ਮਨੀ ਖਹਿਰਾ (ਕੁੱਝ ਦਰਦ)

ਸੰਪਾਦਕ। ਕੇ.ਜੇ. ਸਿੰਘ

ਇਸ ਕਹਾਣੀ ਪ੍ਰਤੀ ਕੋਈ ਸੁਝਾਉ ਜ਼ਾ ਵਿਚਾਰ ਸਾਂਝੇ ਕਰਨ ਲਈ ਤੁਸੀਂ ਦਿੱਤੇ ਗਏ ਨੰਬਰਾਂ ਰਾਹੀਂ ਸਾਡੇ ਨਾਲ਼ ਸਾਂਝ ਪਾ ਸਕਦੇ ਹੋ।

ਕੇ.ਜੇ. ਸਿੰਘ

ਫ਼ੋਨ ਨੰਬਰ -- 8288888268

ਇੰਨਸਟਾਗ੍ਰਾਮ -- kjsingh_8888

Gmail. -- kjsingh268@gmail.com

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com